¼97½

## ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

ਸੰ. 2/7/2020/ਐਸ.-1/97 ਮਿਤੀ 26.04.2020

### ਹੁਕਮ

ਮਿਤੀ 14.4.2020 ਦੇ ਹੁਕਮ ਨੰ. 2/-7/2020/ਐਸ-1/53 ਦੀ ਲੜੀ ਵਿਚ ਅਤੇ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਦੇ ਤਹਿਤ ਮੌਜੂਦ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਮੁਖੀ ਦੇ ਤੌਰ 'ਤੇ, ਹੇਠਲੇ ਹਸਤਾਖ਼ਰਖਾਰੀ ਦੁਆਰਾ ਦਿੱਲੀ ਦੇ ਸਾਰੇ ਵਿਭਾਗਾਂ/ਖ਼ੁਦਮੁਖਤਿਆਰ ਸੰਸਥਾਵਾਂ/ਸਥਾਨਕ ਅਧਿਕਾਰੀਆਂ ਦੁਆਰਾ ਸਖਤੀ ਨਾਲ ਲਾਗੂ ਕਰਨ ਲਈ ਏਕੀਕ੍ਰਿਤ ਸੋਧੇ ਦਿਸ਼ਾ ਨਿਰਦੇਸ਼ਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਦਾ ਹੁਕਮ ਦਿੱਤਾ ਗਿਆ ਹੈ।

**ਸੋਧ**

ਉਪ-ਭਾਗ 1 ¼x½ ਵਿਚ ਸਾਪਿੰਗ ਕੰਪਲੈਕਸ ਸਬਦਾਂ ਨੂੰ "ਨਗਰ ਨਿਗਮ ਅਤੇ ਨਗਰ ਪਾਲਿਕਾਵਾਂ ਦੀ ਸਰਹੱਦ ਦੇ ਅੰਦਰ ਮਾਰਕੀਟ ਕੰਪਲੈਕਸ" ਨਾਲ ਬਦਲ ਦਿੱਤਾ ਜਾਂਦਾ ਹੈ :

**ਸ਼ਾਮਲ**

ਵਪਾਰਕ ਅਤੇ ਨਿੱਜੀ ਸਥਾਪਨਾਵਾਂ ਲਈ ਭਾਗ 14 ਦੇ ਤਹਿਤ ਉਪ-ਭਾਗ 9 ¼xiii½ ਅਤੇ ¼xiv½ %

¼ xiii½ ਦੁਕਾਨਾਂ ਅਤੇ ਸਥਾਪਨਾਵਾਂ ਐਕਟ ਦੇ ਤਹਿਤ ਰਜਿਸਟਰਡ ਸਾਰੀਆਂ ਦੁਕਾਨਾਂ, ਜਿਨ੍ਹਾਂ ਵਿਚ ਰਿਹਾਇਸ਼ੀ ਕੰਪਲੈਕਸ ਅਤੇ ਮਾਰਕੀਟ ਕੰਪਲੈਕਸ ਦੀਆਂ ਦੁਕਾਨਾਂ ਸ਼ਾਮਲ ਹਨ, ਜਿਨ੍ਹਾਂ ਵਿਚ ਮਲਟੀ-ਬਰਾਂਡ ਅਤੇ ਸਿੰਗਲ ਬਰਾਂਡ ਮਾਲ ਦੀਆਂ ਦੁਕਾਨਾਂ ਨੂੰ ਛੱਡ ਕੇ, ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ ਦੀ ਹੱਦ ਦੇ ਬਾਹਰ ਮਜ਼ਦੂਰਾਂ ਦੇ 50 ਫ਼ੀਸਦੀ ਗਿਣਤੀ ਦੇ ਨਾਲ ਮਾਸਕ ਪਾਉਣਾ ਅਤੇ ਸਮਾਜਿਕ ਦੂਰੀ ਜ਼ਰੂਰੀ ਹੈ।

¼ xiv½ ਦੁਕਾਨਾਂ ਅਤੇ ਸਥਾਪਨਾਵਾਂ ਐਕਟ ਦੇ ਤਹਿਤ ਰਜਿਸਟਰਡ ਸਾਰੀਆਂ ਦੁਕਾਨਾਂ ਜਿਨ੍ਹਾਂ ਵਿਚ ਗੁਆਂਢ ਦੀਆਂ ਦੁਕਾਨਾਂ ਅਤੇ ਸਟੈਂਡ ਅਲੋਨ ਦੀਆਂ ਦੁਕਾਨਾਂ, ਰਿਹਾਇਸ਼ੀ ਕੰਪਲੈਕਸ ਵਿਚ ਦੁਕਾਨਾਂ, ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ ਦੀ ਹੱਦ ਦੇ ਅੰਦਰ, ਬਾਜ਼ਾਰ ਕੰਪਲੈਕਸ ਅਤੇ ਮਲਟੀ-ਬਰਾਂਡ ਅਤੇ ਸਿੰਗਲ ਬਰਾਂਡ ਮਾਲ ਵਿਚ ਦੁਕਾਨਾਂ ਨੂੰ ਛੱਡ ਕੇ ਮਜ਼ਦੂਰਾਂ ਦੀ 50 ਫ਼ੀਸਦੀ ਗਿਣਤੀ ਦੇ ਨਾਲ ਮਾਸਕ ਪਾਉਣਾ ਅਤੇ ਸਮਾਜਿਕ ਦੂਰੀ ਜ਼ਰੂਰੀ ਹੈ।

ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਦੇ ਹੁਕਮ ਨੰ. 40-3/2020-ਡੀ.ਐਮ.-I (ਏ) ਮਿਤੀ 24.4.2020 ਦੀ ਸ਼ਬਦ-ਦਰ-ਸ਼ਬਦ ਪਾਲਣਾ ਦੇ ਨਾਲ ਉਪਰੋਕਤ ਗਤੀਵਿਧੀਆਂ ਨੂੰ ਫੌਰੀ ਤੌਰ 'ਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਚ ਸੰਚਾਲਤ ਕਰਨ ਦੀ ਮਨਜ਼ੂਰੀ ਦਿੱਤੀ ਜਾਏਗੀ। ਬਾ-ਸ਼ਰਤ ਕਿ ਸਮਾਜਿਕ ਦੂਰੀ ਅਤੇ ਹੋਰ ਨਿਰਧਾਰਤ ਕੋਵਿਡ-19 ਪ੍ਰੋਟੋਕਾਲ ਦੀ ਸਖ਼ਤੀ ਨਾਲ ਪਾਲਣ ਹੋਵੇ। ਕੰਟੋਨਮੈਂਟ ਜ਼ੋਨਾਂ ਵਿਚ ਇਹ ਛੋਟ ਨਹੀਂ ਦਿੱਤੀ ਜਾਏਗੀ ਅਤੇ ਇਨ੍ਹਾਂ ਨੂੰ

Scanned with CamScanner

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ ਦੇ ਨਿਰਧਾਰਤ ਐਸ.ਓ.ਪੀ. ਦੇ ਅਨੁਸਾਰ ਸਖ਼ਤੀ ਨਾਲ ਨਿਯਮਤ ਕੀਤਾ ਜਾਏਗਾ।

ਜ਼ਿਲ੍ਹਾ ਪੁਲੀਸ ਡਿਪਟੀ ਕਮਿਸ਼ਨਰ ਇਨ੍ਹਾਂ ਹੁਕਮਾਂ ਦਾ ਸਖ਼ਤੀ ਨਾਲ ਪਾਲਣ ਕਰਨ ਨੂੰ ਯਕੀਨੀ ਬਣਾਉਣਗੇ ਅਤੇ ਇਸ ਹੁਕਮ ਨੂੰ ਦਿੱਲੀ ਵਿਚ ਜ਼ਮੀਨੀ ਪੱਧਰ 'ਤੇ ਬਿਨਾ ਅਸਫ਼ਲਤਾ ਦੇ ਸਖ਼ਤੀ ਨਾਲ ਪਾਲਣ ਲਈ ਸਾਰੇ ਖੇਤਰ ਦੇ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣਗੇ, ਜਦੋਂ ਕਿ ਇਹ ਸੁਨਿਸ਼ਚਿਤ ਕਰਨਗੇ ਕਿ ਕੋਵਿਡ-19 ਬਿਮਾਰੀ ਦਾ ਕੰਟਰੋਲ ਹੀ ਜ਼ਿਲ੍ਹਾ ਪ੍ਰਸ਼ਾਸਨ ਦਾ ਮੁੱਖ ਅਤੇ ਮਹੱਤਵਪੂਰਨ ਮੰਤਵ ਹੈ।

ਉਪਰੋਕਤ ਗਤੀਵਿਧੀਆਂ ਨੂੰ ਹੁਕਮ ਨੰ. 2/07/2020/ਐਸ-1/64 ਮਿਤੀ 19.4.2020 ਦੇ ਘੇਰੇ ਤੋਂ ਬਾਹਰ ਰੱਖਿਆ ਜਾਏਗਾ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ,

1- ਸਾਰੇ ਵਧੀਕ ਮੁੱਖ ਸਕੱਤਰ/ਪ੍ਰਧਾਨ ਸਕੱਤਰ/ਸਕੱਤਰ/ਐਚ.ਓ.ਡੀ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
2- ਪੁਲੀਸ ਕਮਿਸ਼ਨਰ, ਦਿੱਲੀ
3- ਪ੍ਰਧਾਨ, ਨਵੀਂ ਦਿੱਲੀ ਨਗਰ ਪਾਲਿਕਾ ਪ੍ਰੀਸ਼ਦ
4- ਪ੍ਰਧਾਨ ਸਕੱਤਰ (ਡੀ.ਆਈ.ਪੀ.), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੂੰ ਉਚਿਤ ਪ੍ਰਚਾਰ ਲਈ।
5- ਕਮਿਸ਼ਨਰ (ਦੱਖਣੀ/ਪੂਰਬੀ/ਉੱਤਰੀ, ਦਿੱਲੀ ਨਗਰ ਨਿਗਮ)
6- ਸੀ.ਈ.ਓ., ਦਿੱਲੀ ਕੈਂਟ ਬੋਰਡ।
7- ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਦਿੱਲੀ।
8- ਸਾਰੇ ਜ਼ਿਲ੍ਹਾ ਪੁਲੀਸ ਡਿਪਟੀ ਕਮਿਸ਼ਨਰ, ਦਿੱਲੀ।

ਕਾਪੀ ਹੇਠਲਿਆਂ ਨੂੰ ਜਾਣਕਾਰੀ ਹਿੱਤ :-

1- ਮੁੱਖ ਸਕੱਤਰ, ਮਾਣਯੋਗ ਉਪ-ਰਾਜਪਾਲ, ਦਿੱਲੀ।
2- ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
3- ਸਕੱਤਰ, ਮਾਣਯੋਗ ਉਪ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
4- ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
5- ਸਕੱਤਰ, ਮਾਣਯੋਗ ਮਾਲੀਆ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
6- ਸਕੱਤਰ, ਮਾਣਯੋਗ ਲੇਬਰ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
7- ਸਕੱਤਰ, ਮਾਣਯੋਗ ਸਮਾਜ ਭਲਾਈ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
8- ਸਕੱਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
9- ਪ੍ਰਧਾਨ ਸਕੱਤਰ (ਮਾਲੀਆ)-ਸਹਿ-ਮੰਡਲ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
10- ਪ੍ਰਧਾਨ ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।
11- ਸਾਰੇ ਮੈਂਬਰ ਰਾਜ ਕਾਰਜਕਾਰੀ ਸਮਿਤੀ, ਡੀ.ਡੀ.ਐਮ.ਏ., ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ।
12- ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ ਨੂੰ ਵਿਆਪਕ ਪ੍ਰਚਾਰ ਲਈ।

Scanned with CamScanner

13 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

14- ਗਾਰਡ ਫਾਈਲ।

Scanned with CamScanner